http://www.gnduonline.com

**Exam. Code : 103203**
**Subject Code : 1092**

**B.A./B.Sc. Semester—III**

**PUNJABI COMPULSORY**

Time Allowed—3 Hours] [Maximum Marks—50

**ਨੋਟ:**- ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

1. ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਤਾਜ ਮਹੱਲ' ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ।

**ਜਾਂ**

'ਅੰਨਦਾਤਾ' ਕਵਿਤਾ ਦਾ ਸੰਦੇਸ਼ ਦੱਸ ਕੇ ਸਾਰ ਲਿਖੋ। 15

2. 'ਸੁਹਾਗ' ਜਾਂ 'ਬੰਬ ਕੇਸ' ਇਕਾਂਗੀ ਦਾ ਵਿਸ਼ਾ-ਵਸਤੂ ਸਪਸ਼ਟ ਕਰੋ।

**ਜਾਂ**

ਕਿਸੇ ਦੋ ਪਾਤਰਾਂ ਦਾ ਚਰਿੱਤਰ-ਚਿਤਰਨ ਕਰੋ :

ਹੁਸ਼ਿਆਰ ਚੰਦ, ਔਰੰਗਜੇਬ, ਵੀਰਾਂ ਵਾਲੀ, ਅਸਦ ਖਾਂ। 15

3. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰ ਕੇ ਢੁੱਕਵਾਂ ਸਿਰਲੇਖ ਦਿਉ :

ਬਿਨ੍ਹਾਂ ਮਨ ਦੀ ਅਰੋਗਤਾ ਦੇ ਸਰੀਰ ਅਰੋਗ ਨਹੀਂ ਹੋ ਸਕਦਾ। ਇਹ ਭੇਦ ਬਹੁਤ ਘੱਟ ਲੋਕ ਸਮਝਦੇ ਹਨ। ਜਿਸ ਮਨ ਵਿੱਚ ਸਦਾ ਸਾੜੇ ਤੇ ਈਰਖਾ ਦੀ ਅੱਗ ਬਲਦੀ ਰਹੇ, ਸਦਾ ਵੈਰ ਵਿਰੋਧ ਅਤੇ



http://www.gnduonline.com

http://www.gnduonline.com

ਕਰੋਧ ਦਾ ਭਾਂਬੜ ਮਚਿਆ ਰਹੇ, ਉਹ ਸਰੀਰ ਕਿਸ ਤਰ੍ਹਾਂ ਅਰੋਗ ਰਹਿ ਸਕਦਾ ਹੈ ? ਹੁਣ ਤਾਂ ਪੱਛਮੀ ਡਾਕਟਰ ਵੀ ਇਹ ਗੱਲ ਮੰਨ ਗਏ ਹਨ ਕਿ ਜੇ ਬਿਮਾਰ ਨੂੰ ਖੁਸ਼ ਰਖਿਆ ਜਾਵੇ, ਤਾਂ ਉਹ ਛੇਤੀ ਅਰੋਗ ਹੋ ਜਾਂਦਾ ਹੈ। ਚਿੰਤਾ ਮਨ ਦਾ ਵੱਡਾ ਰੋਗ ਹੈ। ਇਕ ਮਹਾਤਮਾ ਨੇ ਕਿਹਾ ਹੈ ਕਿ ਚਿੰਤਾ ਚਿਖਾ ਦੇ ਸਮਾਨ ਹੈ। ਸਗੋਂ ਉਸ ਤੋਂ ਵਧੀਕ ਹੈ। ਚਿਖਾ ਤਾਂ ਇਕੋ ਦਿਨ ਸਾੜ ਕੇ ਸਰੀਰ ਨੂੰ ਸਵਾਹ ਕਰ ਦਿੰਦੀ ਹੈ, ਪਰ ਚਿੰਤਾ ਹਮੇਸ਼ਾ ਸਾੜਦੀ ਰਹਿੰਦੀ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਜੋ ਰੱਬ ਦੇ ਰਾਹ ਪਰ ਤੁਰਦਾ ਹੈ, ਉਸ ਦੀ ਚਿੰਤਾ ਮੁੱਕ ਜਾਂਦੀ ਹੈ ਅਤੇ ਅਹੰਕਾਰ ਮਿੱਟ ਜਾਂਦਾ ਹੈ। ਧਾਰਮਿਕ ਜੀਵਨ ਦਾ ਜੇ ਇਹ ਫਲ ਪ੍ਰਾਪਤ ਨਹੀਂ ਹੋਇਆ, ਤਾਂ ਅਸੀਂ ਅਸਲੀ ਧਰਮ ਨੂੰ ਸਮਝਿਆ ਨਹੀਂ। ਧਰਮ ਦੀ ਸਾਰੀ ਰਹਿਤ ਇਹਨਾਂ ਮਾਨਸਿਕ ਰੋਗਾਂ ਨੂੰ ਨਸ਼ਟ ਕਰਨ ਲਈ ਹੈ। ਬੇਫ਼ਿਕਰ ਮਨ ਸਵਰਗ ਦਾ ਹੂਟਾ ਹੈ। ਜੇ ਮਨ ਅਰੋਗ ਹੋ ਜਾਵੇ, ਤਾਂ ਸਰੀਰ ਸੁਤੇ ਸਿੱਧ ਹੀ ਅਰੋਗ ਰਹਿੰਦਾ ਹੈ। ਦਸਮ ਪਾਤਸ਼ਾਹ ਨੇ ਫੁਰਮਾਇਆ ਹੈ "ਸਦਾ ਰਹੇ ਕੰਚਨ ਸੀ ਕ਼ਾਇਆ, ਉਹਨਾਂ ਦੀ ਜਿਨ੍ਹਾਂ ਮਨ ਅਰੋਗ ਕਰ ਲਿਆ ਹੈ।" 10

4. ਵਾਕ ਕੀ ਹੁੰਦਾ ਹੈ ? ਵਾਕ ਦੀ ਰੂਪ ਤੇ ਕਾਰਜ ਦੇ ਆਧਾਰ 'ਤੇ ਪਰਿਭਾਸ਼ਾ ਲਿਖੋ।

**ਜਾਂ**

ਸ਼ਬਦ ਕੀ ਹੁੰਦਾ ਹੈ ? ਸ਼ਬਦ ਕਿੰਨੀ ਪ੍ਰਕਾਰ ਦੇ ਹੁੰਦੇ ਹਨ ? 10



http://www.gnduonline.com